ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ)ਪੰਜਾਬ,ਅਜੀਤਗੜ੍ਹ
ਈ-ਬਲਾਕ, ਚੌਥੀ ਮੰਜਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8,ਮੋਹਾਲੀ
(ਵਜੀਫਾ ਸਾਖਾ)

ਵੱਲ

ਸਮੂਹ ਮੰਡਲ ਸਿੱਖਿਆ ਅਫਸਰ(ਸੈ:ਸਿ:)
ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:, ਐ:ਸਿ:)
ਸਮੂਹ ਸਕੂਲ ਮੁੱਖੀ

ਮੀਮੋ ਨੰ:7/1-2015 ਵਜੀਫਾ(6)
ਮਿਤੀ: 01-03-2016

ਵਿਸ:- **Post matric Scholarship to SC students-Centrally Sponsored Scheme implementation thereof.**

ਉਪਰੋਕਤ ਵਿਸੇ ਦੇਸਬੰਧ ਵਿੱਚ ਪੰਜਾਬ ਸਰਕਾਰ , ਭਲਾਈ ਵਿਭਾਗ ਵੱਲੋਂ ਪ੍ਰਾਪਤ ਪੱਤਰ ਦੇ ਸਬੰਧ ਵਿੱਚ ਆਪ ਆਪਣੇ ਜਿਲ੍ਹੇ ਦੇ ਸਰਕਾਰੀ/ਏਡਿਡ ਸਕੂਲ/ਪ੍ਰਾਈਵੇਟ ਸਕੂਲ ਜੋ ਕਿਸੇ ਵੀ ਬੋਰਡ ਤੋਂ ਮਾਨਤਾ ਪ੍ਰਾਪਤ ਹੋਣ(**PSEB,CBSE,ICSE**) ਤੋਂ ਘੱਟ ਗਿਣਤੀ ਵਰਗ (**Sikhs, Muslims, christians, Budhists, Parsis & Jains**) ਲਈ ਘੱਟ ਗਿਣਤੀ ਵਰਗ ਨਾਲ ਸਬੰਧਤ ਪ੍ਰੀ-ਮੈਟ੍ਰਿਕ ,ਪੋਸਟ ਮੈਟ੍ਰਿਕ ਸਕਾਲਰਸਿਪ ਸਕੀਮ ਨੂੰ ਆਪਣੇ ਵਿਦਿਅਕ ਅਦਾਰੇ ਵਿੱਚ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ। ਇਸ ਸਕੀਮ ਨੂੰ ਵਿਦਿਆਰਥੀ ਆਨ ਲਾਈਨ ਆਸੀਰਵਾਦ ਪੋਰਟਲ ਤੇ ਅਪਲਾਈ ਕਰ ਸਕਦੇ ਹਨ, ਕਿਉਂਜੋ ਇਹ ਸਕੀਮ ਭਾਰਤ ਸਰਕਾਰ ਵੱਲੋਂ ਚਲਾਈ ਜਾ ਰਹੀ ਹੈ। ਇਸ ਲਈ ਵਿਦਿਆਰਥੀਆਂ ਨੂੰ ਵਜੀਫੇ ਦੀ ਰਾਸੀ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੇ **Direct Benefit Transfer(DBT) mode** ਰਾਹੀਂ ਪਾਈ ਜਾਣੀ ਹੈ। ਇੱਥੇ ਇਹ ਦੱਸਿਆ ਜਾਂਦਾ ਹੈ ਕਿ **Sikhs community** ਨਾਲ ਸਬੰਧਤ ਵਿਦਿਆਰਥੀਆਂ ਦੀ ਗਿਣਤੀ **Jain Community** ਤੋਂ ਜਿਆਦਾ ਹੈ। ਆਪ ਆਪਣੇ ਵਿਦਿਅਕ ਅਦਾਰੇ ਵਿੱਚ **Sikhs community** ਨਾਲ ਸਬੰਧਤ ਵਿਦਿਆਰਥੀ(**all Sikhs include General Category, SC and BC**) ਨੂੰ ਇਸ ਸਕੀਮ ਬਾਰੇ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ। ਜਿੱਥੋਂ ਤੱਕ ਸੰਭਵ ਹੋਵੇ ਸਕੀਮ ਦੀਆਂ ਹਦਾਇਤਾਂ ਨੂੰ ਵਿਦਿਆਰਥੀਆਂ ਦੇ ਮਾਪਿਆਂ ਨਾਲ ਵੀ ਡਿਸਕਸ ਕਰਕੇ ਇਸ ਦੇ ਲਾਭ ਦੱਸੇ ਜਾਣ।

ਇਸ ਸਬੰਧੀ ਹਦਾਇਤਾਂ ਲਈ ਵੈਬਸਾਇਟ **www.minorityaffairs.gov.in** ਤੇ **download** ਕੀਤਾ ਜਾਵੇ ਅਤੇ ਜੇਕਰ ਕੋਈ ਸਕੂਲ ਮਨਿਓਰਿਟੀ ਸਕੀਮ ਲਈ ਰਜਿਸਟਰ ਨਹੀਂ ਹੈ ਤਾਂ ਉਹ ਰਜਿਸਟਰ ਕਰਨ ਲਈ **email-id minorityaffairspunjab@gmail.com** ਤੇ ਮੇਲ ਕਰਨ । ਸਕੂਲਾਂ ਵਿੱਚ ਸਕੀਮ ਦੀਆਂ ਹਦਾਇਤਾਂ ਨੂੰ ਨੋਟਿਸ ਬੋਰਡ ਤੇ ਭਰਵਾਇਆ ਜਾਵੇ।

1/3/16

ਵਿਸੇਸ ਕਾਰਜ ਅਫਸਰ(ਵਜੀਫਾ)

ਪਿੱਠ ਅੰਕਣ ਨੰ: ਉਕਤ ਮਿਤੀ:ਉਕਤ

ਉਕਤ ਦਾ ਉਤਾਰਾ ਸਕੱਤਰ, ਭਲਾਈ ਵਿਭਾਗ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

- ਸਹੀ -

ਵਿਸੇਸ ਕਾਰਜ ਅਫਸਰ(ਵਜੀਫਾ)